April 2-4-2000

**ਵਿਚਾਰ-ਚਰਚਾ** — **ਗੁਰਸ਼ਰਨ ਸਿੰਘ**

# 23 ਮਾਰਚ ਦੇ ਸ਼ਹੀਦਾਂ ਨੂੰ ਕ੍ਰਾਂਤੀਕਾਰੀ ਲਾਲ ਸਲਾਮ

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਕ੍ਰਾਂਤੀਕਾਰੀ ਲਾਲ ਸਲਾਮ ਕਰਨਾ ਹੀ ਬਣਦਾ ਹੈ। 'ਕ੍ਰਾਂਤੀਕਾਰੀ' ਕਿਉਂਕਿ ਉਹਨਾਂ ਦਾ ਜੀਵਨ ਫ਼ਲਸਫ਼ਾ ਕ੍ਰਾਂਤੀਕਾਰੀ ਸੀ ਅਤੇ ਕਿਉਂਕਿ ਉਹਨਾਂ ਦੇ ਫ਼ਲਸਫ਼ੇ ਨੂੰ 'ਲਾਲ' ਸੋਚ ਵਾਲੇ ਲੋਕ ਹੀ ਪੂਰਾ ਕਰ ਸਕਦੇ ਹਨ। ਬਾਕੀਆਂ ਲਈ ਉਹ ਸਿਰਫ਼ ਇਕ ਦੇਸ਼ਭਗਤ ਜੰਗੇ ਆਜ਼ਾਦੀ ਦਾ ਸ਼ਹੀਦ ਹੀ ਸੀ। ਇਹ ਫ਼ਰਕ ਸਮਝਣਾ ਅਤੇ ਇਕ ਲਕੀਰ ਖਿੱਚਣੀ ਜ਼ਰੂਰੀ ਹੈ।

ਮਾਰਚ ਦਾ ਮਹੀਨਾ ਪੰਜਾਬ ਦੇ ਲੋਕਾਂ ਲਈ ਇਕ ਮਹੱਤਵਪੂਰਨ ਮਹੀਨਾ ਹੈ। ਥਾਂ-ਥਾਂ 'ਤੇ ਸ਼ਹੀਦਾਂ ਦੀ ਯਾਦ ਵਿਚ ਸਮਗਾਮ ਕੀਤੇ ਜਾਂਦੇ ਹਨ। ਮੇਰੀ ਆਪਣੀ ਡਾਇਰੀ ਅਨੁਸਾਰ ਮੈਂ ਮਾਰਚ ਦੇ ਮਹੀਨੇ 27 ਸਮਾਗਮਾਂ 'ਤੇ ਨਾਟਕ ਕੀਤੇ ਹਨ ਅਤੇ ਇਹ ਸਤਾਈ ਦੇ ਸਤਾਈ ਭਗਤ ਸਿੰਘ ਅਤੇ ਉਹਦੇ ਸਾਥੀਆਂ ਦੀ ਯਾਦ ਨੂੰ ਸਮਰਪਿਤ ਸਨ। ਇਹਨਾਂ ਸਮਾਗਮਾਂ 'ਤੇ ਮੈਨੂੰ ਗੰਭੀਰ ਫ਼ਲਸਫ਼ੇ ਦੀਆਂ ਗੱਲਾਂ ਵੀ ਸੁਣਨੀਆਂ ਮਿਲੀਆਂ ਹਨ ਤੇ ਉਹ ਵੀ ਗੱਲਾਂ ਸੁਣਨੀਆਂ ਮਿਲੀਆਂ ਹਨ ਜਿਹਨਾਂ ਵਿਚ ਭਾਵੁਕਤਾ ਦੇ ਸਿਵਾ ਹੋਰ ਕੁਝ ਨਹੀਂ ਸੀ। ਇਕ ਰੀਲ੍ਹ ਥਾਂ-ਥਾਂ ਜ਼ਰੂਰ ਵੱਜਦੀ ਸੀ ਜੋ ਭਗਤ ਸਿੰਘ ਸਰਦਾਰ ਬਾਰੇ ਹੈ। ਫਾਂਸੀ ਲੱਗਣ ਤੋਂ ਪਹਿਲਾਂ ਪਿਤਾ, ਮਾਤਾ, ਭੈਣ ਮਿਲਣ ਆਉਂਦੇ ਹਨ। ਭੈਣ ਦੀ ਰੱਖੜੀ ਬਨਾਉਣ ਦਾ ਜ਼ਿਕਰ ਵੀ ਆਉਂਦਾ ਹੈ। ਇਕ ਸੂਰਮੇ ਦਾ ਪ੍ਰਭਾਵ ਹੀ ਸਾਰੀ ਟੇਪ ਤੋਂ ਉੱਭਰਦਾ ਹੈ। ਬਿਲਕੁਲ ਜਜ਼ਬਾਤੀ ਗੱਲ ਹੈ। ਇਕ ਥਾਂ ਉਹ ਵੀ ਗੀਤ ਸੁਣਨ ਨੂੰ ਮਿਲਿਆ ਕਿ ਭਗਤ ਸਿੰਘ ਦੀ ਹੋਣ ਵਾਲੀ ਨਾਰ ਭਗਤ ਸਿੰਘ ਨੂੰ ਮਿਲਣ ਆਉਂਦੀ ਹੈ। ਇਹ ਗੀਤ 40-50 ਸਾਲ ਪਹਿਲਾਂ ਬਾਜ਼ਾਰ ਮਾਈ ਸੇਵਾ , ਅੰਮ੍ਰਿਤਸਰ ਤੋਂ ਮਿਲਦੇ ਇਕ ਕਿੱਸੇ ਦੇ ਰੂਪ ਵਿਚ ਮਿਲਦਾ ਸੀ। ਇਹ ਵੀ ਇਕ ਜਜ਼ਬਾਤੀ ਜਿਹੀ ਗੱਲ ਹੈ। ਇਸ ਗੀਤ ਦਾ ਹਾਲੇ ਵੀ ਗਾਇਆ ਜਾਣਾ ਦੱਸਦਾ ਹੈ ਕਿ ਸਾਡੀ ਸੋਚ ਅੱਗੇ ਨਹੀਂ ਵਧੀ। ਉਂਝ ਇਹ ਕਿੱਸਾ ਹਾਲੀ ਵੀ ਮਕਬੂਲ ਹੈ, ਕਿਉਂਕਿ ਤੂੰਬੀ 'ਤੇ ਇਹ ਗੀਤ ਗਾਉਣ ਵਾਲੇ ਨੂੰ ਪ੍ਰਸੰਸਕਾਂ ਵੱਲੋਂ ਕਾਫ਼ੀ ਇਨਾਮ ਮਿਲੇ।

ਅੱਜ ਭਗਤ ਸਿੰਘ ਦੀਆਂ ਲਿਖਤਾਂ ਸਾਡੇ ਕੋਲ ਹਨ। ਉਹਦੀ ਜੇਲ੍ਹ ਡਾਇਰੀ ਵੀ ਹੁਣ ਕਿਤਾਬ ਦੀ ਸ਼ਕਲ ਵਿਚ ਸਾਨੂੰ ਮੁਹੱਈਆ ਹੈ। ਇਸ ਲਈ ਲੋੜ ਹੈ ਕਿ ਸਿਰਫ਼ ਜਜ਼ਬਾਤੀ ਗੱਲਾਂ ਨਾ ਕੀਤੀਆਂ ਜਾਣ, ਸਗੋਂ ਉਹਦੇ ਸਪੱਸ਼ਟ ਵਿਚਾਰ ਲੋਕਾਂ ਤੱਕ ਪੁਚਾਏ ਜਾਣ। ਉਹਦੀਆਂ ਲਿਖਤਾਂ ਤੋਂ ਇਹ ਗੱਲ ਸਾਫ਼ ਹੈ ਕਿ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਆਜ਼ਾਦੀ ਦੀ ਜੰਗ ਵਿਚ ਇਸ ਲਈ ਹਿੱਸਾ ਪਾਇਆ ਕਿ ਉਹ ਅੰਗਰੇਜ਼ ਨੂੰ ਇਸ ਮੁਲਕ ਵਿਚੋਂ ਕੱਢਕੇ ਇੱਥੇ ਇਨਕਲਾਬ ਦਾ ਰਾਜ ਬਣਾਉਣ। ਉਹਨਾਂ ਦਾ ਇਹ ਨਿਸ਼ਾਨਾ ਹੋਰ ਕੌਮੀ ਲੀਡਰਾਂ ਤੋਂ ਵੱਖਰਾ ਸੀ। ਕੌਮੀ ਲੀਡਰਾਂ ਦਾ ਨਿਸ਼ਾਨਾ ਸੀ ਕਿ ਅੰਗਰੇਜ਼ ਨੂੰ ਕੱਢਕੇ ਇਥੇ ਸੁਦੇਸ਼ੀ ਰਾਜ ਬਣਾਇਆ ਜਾਏ ਜਦੋਂ ਕਿ ਭਗਤ ਸਿੰਘ ਦੇ ਸਾਥੀਆਂ ਦਾ ਨਿਸ਼ਾਨਾ ਸੀ ਕਿ ਇਥੇ ਇਨਕਲਾਬ ਦਾ ਰਾਜ ਬਣਾਇਆ ਜਾਵੇ। ਉਹ ਰਾਜ ਕਿਹੋ ਜਿਹਾ ਹੋਵੇਗਾ, ਉਹ ਭਗਤ ਸਿੰਘ ਦੀਆਂ ਲਿਖਤਾਂ ਪੂਰੀ ਤਰ੍ਹਾਂ ਸਾਫ਼ ਕਰਦੀਆਂ ਹਨ। ਲੋਕਾਂ ਤੱਕ ਇਹ ਫ਼ਰਕ ਲਿਜਾਣਾ ਬੜਾ ਜ਼ਰੂਰੀ ਹੈ। ਇਸੇ ਕਰਕੇ 'ਕ੍ਰਾਂਤੀਕਾਰੀ ਲਾਲ ਸਲਾਮ' ਦੀ ਮਹੱਤਤਾ ਬਣਦੀ ਹੈ।

27 ਸਮਾਗਮਾਂ 'ਤੇ ਕੀਤੇ ਜਾਣ ਵਾਲੇ ਨਾਟਕਾਂ ਵਿਚੋਂ ਅੱਜ ਤੋਂ ਵੀਹ ਸਾਲ ਪਹਿਲਾਂ ਲਿਖਿਆ ਦੇਵਿੰਦਰ ਦਮਨ ਦਾ ਨਾਟਕ 'ਛਿਪਣ ਤੋਂ ਪਹਿਲਾਂ' ਸਾਰਿਆਂ ਨਾਲੋਂ ਪ੍ਰਭਾਵਸ਼ਾਲੀ ਹੈ। ਚੇਤਨਾ ਮੰਚ ਚਮਕੌਰ ਸਾਹਿਬ ਅਤੇ ਲੋਕ ਕਲਾ ਮੰਚ ਮੁੱਲਾਂਪੁਰ ਵਾਲੇ ਇਹਨੂੰ ਸਫ਼ਲਤਾ ਨਾਲ ਪੇਸ਼ ਕਰਦੇ ਹਨ ਅਤੇ ਭਗਤ ਸਿੰਘ ਦੇ ਵਿਚਾਰਾਂ ਨਾਲ ਪੂਰਾ ਇਨਸਾਫ਼ ਕਰਦੇ ਹਨ। ਮੇਰਾ ਆਪਣਾ ਨਾਟਕ 'ਬੁੱਤ ਜਾਗ ਪਿਆ' ਵੀ ਸਹੀ ਸੁਨੇਹਾ ਦੇਣ ਵਿਚ ਸਫ਼ਲ ਹੈ। 27 ਸਮਾਗਮਾਂ ਵਿਚੋਂ, ਜਿੱਥੇ ਮੈਨੂੰ ਹਾਜ਼ਰ ਹੋਣ ਦਾ ਮੌਕਾ ਮਿਲਿਆ, 30 ਮਾਰਚ ਨੂੰ ਮਾਨਸਾ ਵਿਚ ਯੂਥ ਐਕਸ਼ਨ ਫਰੰਟ (ਕਨਵੀਨਰ ਕਾਮਰੇਡ ਸ਼ਿਵਚਰਨ) ਵੱਲੋਂ ਕਰਵਾਇਆ ਗਿਆ ਸਮਾਗਮ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸਹੀ ਤਰੀਕੇ ਨਾਲ ਵਿਉਂਤਿਆ ਗਿਆ ਸਮਾਗਮ ਸੀ। ਇਹ ਸਮਾਗਮ ਮਾਨਸਾ ਦੇ ਨੌਜਵਾਨਾਂ ਵੱਲੋਂ ਅਵਾਮੀ ਜਥੇਬੰਦੀਆਂ ਦੇ ਸਹਿਯੋਗ ਨਾਲ ਕੀਤਾ ਗਿਆ। ਮਸ਼ਾਲਾਂ ਦਾ ਜਲੂਸ ਵੀ ਨਿਕਲਿਆ, ਗੀਤ ਵੀ ਹੋਏ, ਨਾਟਕ ਵੀ ਹੋਏ ਅਤੇ ਬੁਲਾਰਿਆਂ ਨੇ ਭਗਤ ਸਿੰਘ ਦੇ ਵਿਚਾਰਾਂ ਦੀ ਵਿਸਥਾਰ ਨਾਲ ਵਿਆਖਿਆ ਕੀਤੀ। ਬੜੀ ਵੱਡੀ ਹਾਜ਼ਰੀ ਵਿਚ ਲੋਕਾਂ ਨੇ ਇਹ ਸਭ ਕੁਝ ਸੁਣਿਆ। ਦੇਰ ਰਾਤ ਤੱਕ ਇਹ ਸਮਾਗਮ ਦਾਣਾ ਮੰਡੀ ਦੇ ਖੁੱਲ੍ਹੇ ਮੰਚ 'ਤੇ ਹੋਇਆ। ਭਗਤ ਸਿੰਘ ਅਤੇ ਸਾਥੀਆਂ ਦੀ ਯਾਦ ਵਿਚ ਹੋਇਆ ਇਹ ਸਮਾਗਮ ਇਕ ਮਿਸਾਲ ਦੇ ਤੌਰ 'ਤੇ ਸੇਧ ਦੇਣ ਵਾਲਾ ਕਿਹਾ ਜਾ ਸਕਦਾ ਹੈ।

ਕ੍ਰਾਂਤੀਕਾਰੀ ਲਾਲ ਸਲਾਮ ਦੇ ਸੰਦਰਭ ਵਿਚ ਚਿੰਤਕ ਸੰਸਥਾ ਵੱਲੋਂ ਛਾਪਿਆ ਕਿਤਾਬਚਾ 'ਵੀਹਵੀਂ ਸਦੀ ਦਾ ਮਹਾਂਨਾਇਕ ਸ਼ਹੀਦ ਭਗਤ ਸਿੰਘ' ਵੀ ਇਕ ਮਿਸਾਲ ਕਿਹਾ ਜਾ ਸਕਦਾ ਹੈ। ਡਾ. ਸ਼ਿਆਮ ਸੁੰਦਰ ਦੀਪਤੀ ਨੇ ਉਹਦੀ ਸੰਪਾਦਨਾ ਕੀਤਾ ਹੈ। ਇਸ ਕਿਤਾਬਚੇ ਵਿਚ ਲੇਖਾਂ, ਭਾਸ਼ਣਾਂ ਅਤੇ ਕੁਝ ਖਾਸ ਖ਼ਤਾਂ ਰਾਹੀਂ ਭਗਤ ਸਿੰਘ ਦਾ ਮਿਸ਼ਨ ਪੂਰੀ ਤਰ੍ਹਾਂ ਸੰਖੇਪ ਵਿਚ ਪੇਸ਼ ਕੀਤਾ ਗਿਆ ਭਗਤ ਸਿੰਘ ਦੇ ਕੁਝ ਅਲਫਾਜ਼ਾਂ ਦੀ ਟੂਕ ਹੈ :

> **'ਵੋਹ ਮੂਰਤੇਂ ਇਲਾਹੀ ਕਿਸ ਦੇਸ਼ ਮੇਂ**
> **ਬਸਤੀ ਹੈਂ, ਜਿਨ੍ਹਕੇ ਨਿਹਰਾਨੇ ਕੋ ਆਂਖੇ**
> **ਤਰਸਤੀ ਹੈਂ'**
>
> **ਜਵਾਬ ਸਾਡਾ ਦੇਣਾ ਬਣਦਾ ਹੈ**
>
> **'ਵੋਹ ਮੂਰਤੇਂ ਇਲਾਹੀ ਇਸੀ ਦੇਸ਼ ਮੇਂ ਬਸਤੀ ਹੈਂ'**

ਲੋੜ ਹੈ ਕਿ ਸ਼ਹੀਦਾਂ ਦੀ ਯਾਦ ਵਿਚ ਜੋ ਸਮਾਗਮ ਕੀਤੇ ਜਾਣ ਉਹ ਬੜੀ ਡੂੰਘਿਆਈ ਨਾਲ ਵਿਉਂਤੇ ਜਾਣ। ਉਹ ਰਸਮੀ ਹੋ ਕੇ ਨਾ ਰਹਿ ਜਾਣ।